

# ਡਰੱਗ ਬਾਰੇ ਜਾਣਕਾਫਰੀ

## ਐੱਚ ਆਈ ਵੀ (HIV) ਰੋਕੂ ਦਵਾਈਆਂ ਲੈਣੀਆਂ ਸ਼ੁਰੂ ਕਰਨੀਆ

ਜੇ ਤੁਸੀਂ ਐੱਚ ਆਈ ਵੀ (HIV) ਦੇ ਬੀਮਾਰ ਹੋ ਤਾਂ ਐੱਚ ਆਈ ਵੀ (HIV) ਰੋਕੂ ਦਵਾਈਆਂ ਲੈਣੀਆਂ ਸ਼ੁਰੂ ਕਰਨਾ ਹੀ ਇੱਕ ਵੱਡਾ ਫ਼ੈਸਲਾ ਹੁੰਦਾ ਹੈ।ਇਹ ਫ਼ੈਸਲਾ ਕਰਨਾ ਕਾਫੀ ਕਠਨ ਹੁੰਦਾ ਹੈ ਕਿ ਦਵਾਈਆਂ ਕਦੋਂ ਲੈਣੀਆਂ ਸ਼ੁਰੂ ਕਰਨੀਆਂ ਹਨ। ਇੱਕ ਵਾਰੀ ਦਵਾਈਆਂ ਲੈਣੀਆਂ ਸ਼ੁਰੂ ਕਰਨ ਪਿੱਛੋਂ ਆਮ ਕਰ ਕੇ ਤੁਹਾਨੂੰ ਸਾਰੀ ਉਮਰ ਹੀ ਲੈਣੀਆਂ ਪੈਂਦੀਆਂ ਹਨ ਅਤੇ ਉਨ੍ਹਾਂ ਦੇ ਚੰਗੇ ਅਤੇ ਮਾੜੇ ਅਸਰ ਵੀ ਹੁੰਦੇ ਹਨ। ਇਹ ਜ਼ਰੂਰੀ ਹੈ ਕਿ ਤੁਸੀਂ ਦਵਾਈਆਂ ਲੈਣੀਆਂ ਸ਼ੁਰੂ ਕਰਨ ਦਾ ਫੈਸਲਾ ਕਰਨ ਤੋਂ ਪਹਿਲਾਂ ਡਾਕਟਰ, ਦਵਾਫਰੋਸ਼ ਅਤੇ ਐੱਚ ਆਈ ਵੀ/ਐਡਜ਼ (HIV/Aid) ਦੇ ਬਿਮਾਰ ਦੂਜੇ ਲੋਕਾਂ ਨਾਲ ਗੱਲ ਕਰ ਲਓ। ਦਵਾਈਆਂ ਲੈਣੀਆਂ ਸ਼ੁਰੂ ਕਰਨ ਲੱਗਿਆਂ ਕਾਹਲ ਨਾ ਕਰੋ। ਫ਼ੈਸਲਾ ਕਰਨ ਤੋਂ ਪਹਿਲਾਂ, ਆਪਣੇ ਸਾਰੇ ਪ੍ਰਸ਼ਨਾਂ ਨੂੰ ਵਿਚਾਰ ਲਓ। ਪਰ ਇਹ ਵੀ ਸਮਝ ਲਓ ਕਿ ਐੱਚ ਆਈ ਵੀ (HIV) ਰੋਕੂ ਦਵਾਈਆਂ ਲੈਣ ਵਿੱਚ ਲੰਮੀ ਦੇਰੀ ਕਰਨ ਨਾਲ ਵੀ ਤੁਸੀਂ ਆਪਣੀ ਸੇਹਤ ਨੂੰ ਖ਼ਤਰੇ ਵਿੱਚ ਪਾਉਂਦੇ ਹੋ।

**ਐੱਚ ਆਈ ਵੀ (HIV) ਰੋਕੂ ਦਵਾਈਆਂ ਲੈਣ ਦੇ ਕੁਝ ਇੱਕ ਗੁਣ:**

- ਇਹ ਤੁਹਾਨੂੰ ਲੰਮੇਂ ਸਮੇਂ ਲਈ ਸੇਹਤਮੰਦ ਰਹਿਣ ਜਾਂ ਤਹਾਡੀ ਸੇਹਤ ਨੂੰ ਬਹਾਲ ਕਰਨ ਵਿੱਚ ਮਦਦ ਕਰ ਸਕਦੀਆਂ ਹਨ।
- ਇਹ ਤੁਹਾਡੀ ਉਮਰ ਨੂੰ ਲੰਮੀ ਕਰਨ ਵਿੱਚ ਵੀ ਮਦਦ ਕਰ ਸਕਦੀ ਹੈ।
- ਇਹ ਤੁਹਾਡੀ ਆਪਣੀ (ਬਿਮਾਰੀ ਵਿਰੁੱਧ) ਸੁਰੱਖਿਆ ਪ੍ਰਣਾਲੀ (ਅਮਿਊਨ ਸਿਸਟਿਮ) ਨੂੰ ਮਜ਼ਬੂਤ ਕਰ ਸਕਦੀਆਂ ਹਨ, ਐਡਜ਼ ਨਾਲ ਸੰਬੰਧਤ ਬਿਮਾਰੀਆਂ ਦੇ ਲੱਗਨ ਦੇ ਮੌਕੇ ਘਟਾਅ ਸਕਦੀਆਂ ਹਨ।
- (ਬਿਮਾਰੀ ਵਿਰੁੱਧ) ਸੁਰੱਖਿਆ ਪ੍ਰਣਾਲੀ (ਅਮਿਊਨ ਸਿਸਟਿਮ) ਨੂੰ ਐੱਚ ਆਈ ਵੀ (HIV) ਤੋਂ ਹੋਣ ਵਾਲੇ ਨੁਕਸਾਨ ਨੂੰ ਘਟਾਉਣ ਵਿੱਚ ਮਦਦ ਕਰ ਸਕਦੀਆਂ ਹਨ।

**ਐੱਚ ਆਈ ਵੀ (HIV) ਰੋਕੂ ਦਵਾਈਆਂ ਲੈਣ ਦੇ ਕੁਝ ਇੱਕ ਔਗੁਣ:**

- ਆਮ ਕਰ ਕੇ, ਹਰ ਰੋਜ਼ ਇੱਕੋ ਸਮੇਂ ਤੁਹਾਨੂੰ ਨਿੱਤ ਕਈ ਗੋਲੀਆਂ ਲੈਣੀਆਂ ਪੈਂਦੀਆਂ ਹਨ।
- ਇਨ੍ਹਾਂ ਦੇ ਕਈ ਮਾੜੇ ਅਸਰ ਹੁੰਦੇ ਹਨ ਜੋ ਅਕਸਰ ਨਾਗੁਆਰ ਅਤੇ ਹਾਨੀਕਾਰਕ ਵੀ ਹੋ ਸਕਦੇ ਹਨ।
- ਤੁਹਾਨੂੰ ਆਪਣੇ ਖਾਣ ਤੇ ਪੀਣ ਦੀਆਂ ਆਦਤਾਂ ਵਿੱਚ ਤਬਦੀਲੀ ਕਰਨ ਦੀ ਲੋੜ ਪੈ ਸਕਦੀ ਹੈ।
- ਜਿਹੜੀਆਂ ਦਵਾਈਆਂ ਤੁਸੀਂ ਲੈ ਰਹੇ ਹੁੰਦੇ ਹੋ ਉਨ੍ਹਾਂ ਤੋਂ ਦੂਜਿਆਂ ਨੂੰ ਪਤਾ ਲੱਗ ਸਕਦਾ ਹੈ ਕਿ ਤੁਸੀਂ ਐੱਚ ਆਈ ਵੀ (HIV) ਦੇ ਬਿਮਾਰ ਹੋ।
- ਐੱਚ ਆਈ ਵੀ (HIV) ਦੀਆਂ ਕਈ ਦਵਾਈਆਂ ਅਤੇ ਦੂਜੀਆਂ ਡਰੱਗਾਂ, ਜੜੀ ਬੂਟੀਆਂ ਜਾਂ ਖ਼ੁਰਾਕ ਆਪਸ ਵਿੱਚ ਇੱਕ ਦੂਜੇ ਨਾਲ ਮੇਲ ਨਹੀਂ ਖਾਂਦੀਆਂ।

**ਐੱਚ ਆਈ ਵੀ (HIV) ਵਿਰੁੱਧ ਦਵਾਈਆਂ ਲੈਣ ਦੀ ਚੋਣ ਕਰਨ ਤੋਂ ਪਹਿਲਾਂ ਇਨ੍ਹਾਂ ਪ੍ਰਸ਼ਨਾਂ ਬਾਰੇ ਸੋਚ ਲਓ:**

- ਰਿਹਾਇਸ਼ ਲਈ ਤੁਹਾਡੇ ਕੋਲ ਪੱਕੀ ਥਾਂ ਹੈ?
- ਜਿਹੜੇ ਲੋਕਾਂ ਨਾਲ ਤੁਸੀਂ ਰਹਿ ਰਹੇ ਹੋਵੋ ਕੀ ਉਨ੍ਹਾਂ ਨੂੰ ਪਤਾ ਹੈ ਕਿ ਤੁਹਾਨੂੰ ਐੱਚ ਆਈ ਵੀ ਹੈ?
- ਕੀ ਤੁਹਾਡੇ ਰਹਿਣ ਵਾਲੀ ਥਾਂ ਵਿਖੇ ਫਰਿੱਜ ਮੌਜੂਦ ਹੈ?
- ਜੇ ਤੁਸੀਂ ਕੰਮ ਕਰਦੇ ਹੋ, ਕੀ ਤੁਹਾਡੇ ਨਾਲ ਕੰਮ ਕਰਨ ਵਾਲਿਆਂ ਨੂੰ ਪਤਾ ਹੈ ਕਿ ਤੁਹਾਨੂੰ ਐਚ ਆਈ ਵੀ ਹੈ?
- ਕੀ ਤੁਸੀਂ ਹਰ ਰੋਜ਼ ਇੱਕੋ ਸ਼ਿਫਟ ਵਿੱਚ ਕੰਮ ਕਰਦੇ ਹੋ ਜਾਂ ਤੁਹਾਡੀਆਂ ਸ਼ਿਫਟਾਂ ਬਦਲਦੀਆਂ ਰਹਿੰਦੀਆਂ ਹਨ?
- ਕੀ ਤੁਸੀਂ ਆਪਣੇ ਕੰਮ 'ਤੇ ਫਰਿੱਜ ਵਿਚ ਚੀਜ਼ਾਂ ਰੱਖ ਸਕਦੇ ਹੋ?



ASAAP
ALLIANCE FOR SOUTH ASIAN AIDS PREVENTION
www.asaap.ca

CATIE
Canadian AIDS Treatment Information Exchange
Réseau canadien d'info-traitements sida
www.catie.ca

- ਕੀ ਤੁਸੀਂ ਆਪਣੇ ਕੰਮ 'ਤੇ ਆਸਾਨੀ ਨਾਲ ਬਾਥਰੂਮ ਜਾ ਸਕਦੇ ਹੋ?
- ਕੀ ਤੁਸੀਂ ਅਪਣਾ ਬਹੁਤਾ ਸਮਾਂ ਇੱਕ ਹੀ ਸ਼ਹਿਰ ਵਿਚ ਰਹਿ ਕੇ ਬਿਤਾਉਂਦੇ ਹੋ?
- ਕੀ ਤੁਸੀਂ ਬਿਨ੍ਹਾਂ ਬਹੁਤੀ ਮੁਸ਼ਕਲ ਦੇ ਗੋਲੀਆਂ ਅੰਦਰ ਲੰਘਾਅ ਸਕਦੇ ਹੋ?
- ਕੀ ਤੁਸੀਂ ਐੱਚ ਆਈ ਵੀ ਦਵਾਈ ਪਹਿਲਾਂ ਵੀ ਲਈ ਹੈ?
- ਕੀ ਤੁਸੀਂ ਬਾਕਾਇਦਗੀ ਨਾਲ ਪਹਿਲਾਂ ਵੀ ਕੋਈ ਦਵਾਈ ਲਈ ਹੈ?
- ਕੀ ਤੁਸੀਂ ਆਮ ਤੌਰ 'ਤੇ ਉਸੇ ਵਕਤ ਸੌਂਦੇ ਅਤੇ ਸੌਂ ਕੇ ਉੱਠਦੇ ਹੋ?
- ਕੀ ਤੁਸੀਂ ਆਮ ਕਰਕੇ ਹਰ ਰੋਜ਼ ਖਾਣਾ ਖਾਂਦੇ ਹੋ?
- ਕੀ ਤੁਹਾਡੀ ਕੋਈ ਵਿਸ਼ੇਸ਼ ਡਾਇਟ ਹੈ ਜਾਂ ਖਾਣੇ ਦੀਆਂ ਤੁਹਾਡੀਆਂ ਵਿਸ਼ੇਸ਼ ਲੋੜਾਂ ਹਨ?
- ਕੀ ਤੁਹਾਡੇ ਚਿਵਾਰ ਵਿਚ ਤੁਸੀਂ ਹਰ ਰੋਜ਼ 8-12 ਗਲਾਸ ਤੱਕ ਪਾਣੀ ਪੀ ਸਕਦੇ ਹੋ?

**ਉਸ ਜੁੱਟ ਬਾਰੇ (ਇੱਕ ਤੋਂ ਵੱਧ ਦਵਾਈਆਂ) ਫੈਸਲਾ ਕਰਨਾ ਜੋ ਤੁਹਾਡੇ ਵਾਸਤੇ ਢੁੱਕਵਾਂ ਹੋਵੇ:**

- ਇਹ ਬਹੁਤ ਜ਼ਰੂਰੀ ਹੁੰਦਾ ਹੈ ਕਿ ਸਾਰੀਆਂ ਦਵਾਈਆਂ ਠੀਕ ਉਸੇ ਤਰ੍ਹਾਂ ਲਈਆਂ ਜਾਣ ਜਿਸ ਤਰ੍ਹਾਂ ਡਾਕਟਰ ਵੱਲੋਂ ਦੱਸਿਆ ਗਿਆ ਹੋਵੇ। ਇਸ ਲਈ, ਕਿਹੜੀਆਂ ਦਵਾਈਆਂ ਇਕੱਠੀਆਂ ਲਈਆਂ ਜਾਣ ਇਹ ਚੋਣ ਕਰਨੀ ਬਹੁਤ ਜ਼ਰੂਰੀ ਹੁੰਦੀ ਹੈ।
- ਜੇ ਉੱਪਰਲੇ ਪ੍ਰਸ਼ਨਾਂ ਦੇ ਉੱਤਰਾਂ ਵਿਚੋਂ ਤੁਹਾਡਾ ਕੋਈ ਵੀ ਜਵਾਬ "ਨਾਂ" ਵਿਚ ਹੈ, ਤਾਂ ਇਸ ਦਾ ਭਾਵ ਹੈ ਕਿ ਤੁਹਾਨੂੰ ਐੱਚ ਆਈ ਵੀ ਰੋਕੂ ਦਵਾਈਆਂ ਵਿਚੋਂ ਕੁਝ ਇਕ ਦਵਾਈਆਂ ਲੈਣ ਵਿਚ ਮੁਸ਼ਕਲ ਆਵੇਗੀ।
- ਜਦੋਂ ਤੁਸੀਂ ਆਪਣੇ ਡਾਕਟਰ ਨਾਲ ਇਹ ਗੱਲ ਕਰੋ ਕਿ ਕਿਹੜੀ ਐੱਚ ਆਈ ਵੀ (HIV) ਰੋਕੂ ਦਵਾਈ ਲੈਣੀ ਹੈ, ਤੁਹਾਡੇ ਵਲੋਂ ਦਿੱਤੇ ਉੱਪਰਲੇ ਸਵਾਲਾਂ ਦੇ ਜਵਾਬ ਤੁਹਾਡੇ ਡਾਕਟਰ ਦੀ ਇਸ ਬਾਰੇ ਮਦਦ ਕਰ ਸਕਦੇ ਹਨ ਕਿ ਤੁਹਾਡੇ ਵਾਸਤੇ ਦਵਾਈਆਂ ਦੇ ਅਜਿਹੇ ਜੁੱਟ ਬਣਾਏ ਜਾਣ ਜਿਹੜੇ ਤੁਹਾਡੀ ਹਾਲਤ ਅਤੇ ਜੀਵਨ ਢੰਗ ਨਾਲ ਮੇਲ ਖਾਂਦੇ ਹੋਣ ਅਤੇ ਤੁਸੀਂ ਆਸਾਨੀ ਨਾਲ ਇਲਾਜ ਜਾਰੀ ਰੱਖ ਸਕਦੇ ਹੋਵੋ।



ਖ਼ਾਸ ਡਾਕਟਰੀ ਇਲਾਜਾਂ ਲਈ ਫ਼ੈਸਲੇ ਅਜਿਹੇ ਯੋਗਤਾਪ੍ਰਾਪਤ ਕੰਮ ਕਰਦੇ ਡਾਕਟਰ ਨਾਲ ਮਸ਼ਵਰਾ ਕਰ ਕੇ ਕੀਤੇ ਜਾਣੇ ਚਾਹੀਦੇ ਹਨ ਜੋ ਐੱਚ ਆਈ ਵੀ (HIV) ਨਾਲ ਸੰਬੰਧਤ ਬਿਮਾਰੀਆਂ ਅਤੇ ਵਿਚਾਰ ਅਧੀਨ ਇਲਾਜਾਂ ਬਾਰੇ ਜਾਣਕਾਰੀ ਰੱਖਦੇ ਹੋਣ।

ਐੱਚ ਆਈ ਵੀ/ਏਡਜ਼ (HIV/AIDS) ਦੇ ਅਜਿਹੇ ਬਿਮਾਰ ਲੋਕ ਜੋ ਦੇਖ-ਭਾਲ ਪਰਦਾਨ ਕਰਨ ਵਾਲਿਆਂ ਨਾਲ ਮਿਲ ਕੇ ਆਪਣੀ ਸੇਹਤ ਦੀ ਸੰਭਾਲ ਕਰਨਾ ਚਾਹੁੰਦੇ ਹੋਣ ਦੀ ਮਦਦ ਕਰਨ ਲਈ ਕਨੇਡੀਅਨ ਐਡਜ਼ ਟਰੀਟਮੈਂਟ ਇੰਨਫ਼ਰਮੇਸ਼ਨ ਐਕਸਚੇਂਜ (Canadian AIDS Treatment Information Exchange) (CATIE) ਅਤੇ ਅਲਾਇਐਂਸ ਫ਼ਾਰ ਸਾਊਥ ਏਸ਼ੀਅਨ ਏਡਜ਼ ਪਰੀਵੈਨਸ਼ਨ (ASAAP) ਨੇਕ ਨੀਤੀ ਨਾਲ ਉਨ੍ਹਾਂ ਨੂੰ ਜਾਣਕਾਰੀ ਦੇ ਸਾਧਨ ਮੁਹੱਈਆ ਕਰਦੇ ਹਨ। ਫ਼ਿਰ ਵੀ, ਸੀ ਏ ਟੀ ਆਈ ਈ (CATIE) ਜਾਂ ਏ ਐੱਸ ਏ ਏ ਪੀ (ASAAP) ਵੱਲੋਂ ਮੁਹੱਈਆ ਕੀਤੀ ਜਾਂ ਪ੍ਰਕਾਸ਼ਤ ਕੀਤੀ ਜਾਂ ਇਸ ਰਾਹੀਂ ਪ੍ਰਾਪਤ ਕੀਤੀ ਜਾਣਕਾਰੀ ਨੂੰ ਡਾਕਟਰੀ ਮਸ਼ਵਰਾ ਨਹੀਂ ਮੰਨਿਆ ਜਾਂਦਾ। ਅਸੀਂ ਕਿਸੇ ਖ਼ਾਸ ਇਲਾਜ ਦੀ ਸਿਫ਼ਾਰਸ਼ ਜਾਂ ਵਕਾਲਤ ਨਹੀਂ ਕਰਦੇ ਅਤੇ ਅਸੀਂ (ਜਾਣਕਾਰੀ ਦੀ) ਵਰਤੋਂ ਕਰਨ ਵਾਲਿਆਂ ਨੂੰ ਬੇਣਤੀ ਕਰਦੇ ਹਾਂ ਕਿ ਉਹ ਜਿੱਥੋਂ ਤੀਕ ਹੋ ਸਕੇ ਵੱਧ ਤੋਂ ਵੱਧ ਸਾਧਨਾਂ ਨਾਲ ਸੰਪਰਕ ਕਰਨ।(ਜਾਣਕਾਰੀ ਦੀ) ਵਰਤੋਂ ਕਰਨ ਵਾਲਿਆਂ ਨੂੰ ਅਸੀਂ ਜ਼ੋਰਦਾਰ ਬੇਣਤੀ ਕਰਦੇ ਹਾਂ ਕਿ ਉਹ ਡਾਕਟਰੀ ਨਾਲ ਸੰਬੰਧਤ ਮਾਮਲੇ ਬਾਰੇ ਫ਼ੈਸਲਾ ਕਰਨ, ਵਰਤਣ ਜਾਂ ਕਾਰਵਾਈ ਕਰਨ ਤੋਂ ਪਹਿਲਾਂ ਯੋਗਤਾਪ੍ਰਾਪਤ ਕੰਮ ਕਰਦੇ ਡਾਕਟਰ ਨਾਲ ਮਸ਼ਵਰਾ ਜ਼ਰੂਰ ਕਰਨ।

ਸੀ ਏ ਟੀ ਆਈ ਈ (CATIE) ਜਾਂ ਏ ਐੱਸ ਏ ਏ ਪੀ (ASAAP) ਵੱਲੋਂ ਮੁਹੱਈਆ ਕੀਤੀ ਜਾਂ ਪ੍ਰਕਾਸ਼ਤ ਕੀਤੀ ਜਾਂ ਇਸ ਰਾਹੀਂ ਪ੍ਰਾਪਤ ਕੀਤੀ ਜਾਣਕਾਰੀ ਦੇ ਠੀਕ ਅਤੇ ਮੁਕੰਮਲ ਹੋਣ ਬਾਰੇ ਅਸੀਂ ਗਰੰਟੀ ਨਹੀਂ ਕਰਦੇ। ਇਸ ਉੱਤੇ ਨਿਰਭਰ ਕਰਦੇ (ਜਾਣਕਾਰੀ ਦੀ) ਵਰਤੋਂ ਕਰਨ ਵਾਲੇ ਵਿਅਕਤੀ ਖ਼ਤਰੇ ਲਈ ਆਪ ਜ਼ਿੰਮੇਵਾਰ ਹੋਣਗੇ। ਅਜਿਹੀ ਜਾਣਕਾਰੀ ਦੀ ਵਰਤੋਂ ਜਾਂ ਦੁਰਵਰਤੋਂ ਦੇ ਨਤੀਜੇ ਦੇ ਤੌਰ ਤੇ ਹੋਈ ਹਾਨੀ ਲਈ ਨਾਂ ਤਾਂ ਸੀ ਏ ਟੀ ਆਈ ਈ (CATIE) ਨਾਂ ਹੀ ਏ ਐੱਸ ਏ ਏ ਪੀ (ASAAP) ਨਾ ਹੀ ਕਨੇਡਾ ਦੀ ਪਬਲਿਕ ਹੈਲਥ ਏਜੰਸੀ, ਨਾ ਹੀ ਉਨ੍ਹਾਂ ਦੇ ਕਰਮਚਾਰੀਆਂ, ਡਾਇਰੈਕਟਰਾਂ, ਅਫ਼ਸਰਾਂ ਜਾਂ ਵਲੰਟੀਅਰਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ। ਇਥੇ ਪਰਗਟ ਕੀਤੇ ਗਏ ਜਾਂ ਸੀ ਏ ਟੀ ਆਈ ਈ (CATIE) ਜਾਂ ਏ ਐੱਸ ਏ ਏ ਪੀ (ASAAP) ਵੱਲੋਂ ਮੁਹੱਈਆ ਕੀਤੇ ਜਾਂ ਪ੍ਰਕਾਸ਼ਤ ਕੀਤੇ ਜਾਂ ਇਸ ਰਾਹੀਂ ਪ੍ਰਾਪਤ ਕੀਤੇ ਗਏ ਵਿਚਾਰ ਮੁਕੰਮਲ ਤੌਰ ਤੇ ਲੇਖਕਾਂ ਦੇ ਹਨ ਅਤੇ ਸੀ ਏ ਟੀ ਆਈ ਈ (CATIE) ਜਾਂ ਏ ਐੱਸ ਏ ਏ ਪੀ (ASAAP) ਜਾਂ ਕਨੇਡਾ ਦੀ ਪਬਲਿਕ ਹੈਲਥ ਏਜੰਸੀ ਦੀਆਂ ਪਾਲਸੀਆਂ ਅਤੇ ਰਾਵਾਂ ਦੀ ਪ੍ਰਤੀਨਿੱਧਤਾ ਨਹੀਂ ਕਰਦੇ।

Copyright: This Fact Sheet is made available through a collaboration between Alliance for South Asian AIDS Prevention (ASAAP), Asian Community AIDS Services (ACAS) and the Canadian AIDS Treatment Information Exhange (CATIE). Original content developed by ACAS, 2001. Translation into Punjabi and Tamil by ASAAP, 2006.

This information is also available in Chinese, Tagalog and Vietnamese www.acas.org

Funding has been provided by the Public Health Agency of Canada

Supported by an unrestricted educational grant from GlaxoSmithKline in partnership with Shire BioChem